REG/OP/2020/15

# ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ
## (ਰਜਿਸਟਰਾਰ ਦਫਤਰ)

ਆਈ.ਕੇ.ਜੀ.ਪੀ.ਟੀ.ਯੂ./ਰਜਿ./ਦਹ/629 ਮਿਤੀ: 31/03/2020

## ਦਫਤਰੀ ਹੁਕਮ

ਵਿਸ਼ਾ: **ਕਰੋਨਾ ਵਾਇਰਸ ਦੀ ਮਹਾਂਮਾਰੀ ਦੇ ਮੱਦੇਨਜਰ ਯੂਨੀਵਰਸਿਟੀ, ਮੇਨ ਅਤੇ ਹੋਰ ਕੈਂਪਸ ਅਤੇ ਮਾਨਤਾ ਪ੍ਰਾਪਤ ਕਾਲਜ ਮਿਤੀ 14/04/2020 ਤੱਕ ਬੰਦ ਰਹਿਣ ਸਬੰਧੀ।**

ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਵੱਲੋਂ ਕਰੋਨਾ ਵਾਇਰਸ ਦੇ ਖਤਰੇ ਕਾਰਨ ਪੈਦਾ ਹੋਈ ਸਥਿਤੀ ਦੇ ਮੱਦੇਨਜਰ ਕਰਫਿਊ ਦੀ ਮਿਆਦ'ਚ 15/04/2020 ਤੱਕ ਵਾਧਾ ਕੀਤਾ ਗਿਆ ਹੈ। ਯੂਨੀਵਰਸਿਟੀ ਦੇ ਦਫਤਰੀ ਹੁਕਮ ਨੰਬਰ ਆਈ.ਕੇ.ਜੀ. ਪੀ.ਟੀ.ਯੂ./ਰਜਿ/ਦਹ/606-612 ਮਿਤੀ 15/03/2020 ਦੀ ਲਗਾਤਾਰਤਾ ਵਿੱਚ ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ, ਮੇਨ ਅਤੇ ਹੋਰ ਕੈਂਪਸ ਅਤੇ ਯੂਨੀਵਰਸਿਟੀ ਅਧੀਨ ਮਾਨਤਾ ਪ੍ਰਾਪਤ ਸਮੂਹ ਕਾਲਜ ਮਿਤੀ 14/04/2020 ਤੱਕ ਬੰਦ ਰਹਿਣਗੇ।

ਵਿਦਿਆਰਥੀਆਂ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਅਤੀ ਜਰੂਰੀ ਸੇਵਾਵਾਂ, ਪਹਿਲਾਂ ਮਿੱਥੇ ਜਰੂਰੀ ਕੰਮ ਅਤੇ ਘਰ ਤੋਂ ਕੀਤੇ ਜਾ ਸਕਣ ਵਾਲੇ/ਆਨ ਲਾਈਨ ਕੰਮ ਕੀਤੇ ਜਾ ਸਕਦੇ ਹਨ। ਸਮੂਹ ਅਧਿਕਾਰੀ ਅਤੇ ਕਰਮਚਾਰੀ ਆਪਣੇ ਪੋਸਟਿੰਗ ਵਾਲੇ ਸਟੇਸ਼ਨ ਤੇ ਉਪਲੱਬਧ ਰਹਿਣਗੇ। ਵਿਭਾਗ ਮੁੱਖੀ ਪੂਰੀ ਇਹਤਿਆਤ ਰੱਖਦੇ ਹੋਏ ਲੋੜ ਪੈਣ ਤੇ ਅਧਿਕਾਰੀਆਂ/ਕਰਮਚਾਰੀਆਂ ਨੂੰ ਬੁਲਾ ਸਕਦੇ ਹਨ।

ਡਾਇਰੈਕਟਰ (ਮੇਨ ਅਤੇ ਹੋਰ ਕੈਂਪਸ), ਵਿਭਾਗ ਮੁੱਖੀ (ਟੀਚਿੰਗ), ਪ੍ਰਿੰਸੀਪਲ/ਡਾਇਰੈਕਟਰ (ਮਾਨਤਾ ਪ੍ਰਾਪਤ ਕਾਲਜ) ਦਫਤਰੀ ਹੁਕਮ ਨੰਬਰ ਆਈ.ਕੇ.ਜੀ.ਪੀ.ਟੀ.ਯੂ./ਰਜਿ/ਦਹ/621-628 ਮਿਤੀ 27/03/2020 ਅਨੁਸਾਰ ਵਿਦਿਆਰਥੀਆਂ ਨੂੰ ਆਨਲਾਈਨ ਪੜਾਉਣਾ ਯਕੀਨੀ ਬਣਾਉਣਗੇ।

ਸਮੂਹ ਸਬੰਧਤ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਰਕਾਰ ਦੇ ਹੁਕਮਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

**(ਡਾ. ਐਸ.ਐਸ. ਵਾਲੀਆ)**
**ਰਜਿਸਟਰਾਰ**

ਪਿੱਠ ਅੰ:ਨੰ: ਆਈ.ਕੇ.ਜੀ.ਪੀ.ਟੀ.ਯੂ./ਰਜਿ/ਦਹ/630-636 ਮਿਤੀ: 31/03/2020

ਇਸ ਦਾ ਇੱਕ ਉਤਾਰਾ ਹੇਠ ਲਿਖੇ ਅਧਿਕਾਰੀਆਂ ਨੂੰ ਜਾਣਕਾਰੀ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਇੰਚਾਰਜ ਸਕੱਤਰੇਤ, ਉਪ ਕੁਲਪਤੀ ਦਫਤਰ: ਉਪ ਕੁਲਪਤੀ ਜੀ ਦੀ ਜਾਣਕਾਰੀ ਹਿੱਤ
2. ਸਮੂਹ ਵਿਭਾਗ ਮੁੱਖੀ/ਇੰਚਾਰਜ (ਨਾਨ ਟੀਚਿੰਗ)
3. ਡਾਇਰੈਕਟਰ (ਮੇਨ ਅਤੇ ਹੋਰ ਕੈਂਪਸ): ਆਪ ਦੇ ਅਧੀਨ ਆਉਂਦੇ ਸਮੂਹ ਡਿਪਟੀ ਡੀਨ (ਫੈਕਲਟੀ), ਵਿਭਾਗ ਮੁੱਖੀ (ਟੀਚਿੰਗ)/ਇੰਚਾਰਜ ਕੰਸਟੀਚਿਊਟ ਕੈਂਪਸਾਂ ਨੂੰ ਜਾਣੂ ਕਰਾਉਣ ਹਿੱਤ।
4. ਡਾਇਰੈਕਟਰ (ਕਾਲਜ ਵਿਕਾਸ): ਸਮੂਹ ਮਾਨਤਾ ਪ੍ਰਾਪਤ ਕਾਲਜਾਂ ਨੂੰ ਸੂਚਿਤ ਕਰਨ ਹਿੱਤ।
5. ਡਿਪਟੀ ਰਜਿਸਟਰਾਰ (ਮਾਨਵ ਸ੍ਰੋਤ ਪ੍ਰਬੰਧਨ)
6. ਪ੍ਰਿੰਸੀਪਲ/ਡਾਇਰੈਕਟਰ, ਸਮੂਹ ਮਾਨਤਾ ਪ੍ਰਾਪਤ ਕਾਲਜ
7. ਇੰਚਾਰਜ (ਆਈ.ਟੀ.ਐਸ.): ਵੈਬਸਾਈਟ ਤੇ ਅਪਲੋਡ ਕਰਨ ਹਿੱਤ।

**(ਡਾ. ਐਸ.ਐਸ. ਵਾਲੀਆ)**
**ਰਜਿਸਟਰਾਰ**